Press Desk
Ahmadiyya Muslim Jamaat
INTERNATIONAL
(INDIA)

شعبہ پریس اینڈ میڈیا بھارت
**Office Press & Media**
Ahmadiyya Muslim Jama'at India,
Qadian-143516, Distt.Gurdaspur, Punjab, India.
Mobile: +91-99887 57988
Email: pressamjindia@gmail.com
Tel: +91-1872-500282
ahmadiyya_press ahmadiyyapressindia

( A Registered Religious and Charitable Society in India under the Societies Registration Act XXI 1860 )

زیر حوالہ/Ref **SPM-380**
تاریخ/Date **03-01-2026**

# 130ਵਾਂ ਜਲਸਾ ਸਾਲਾਨਾ ਕਾਦਿਆਨ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਦੇ ਸੰਬੋਧਨ ਨਾਲ ਸੰਪੰਨ, ਜਿਨ੍ਹਾਂ ਨੇ ਜਮਾਤ ਨੂੰ ਧਰਮਿਕਤਾ ਦੇ ਮਾਰਗ 'ਤੇ ਚੱਲਣ ਅਤੇ ਸਮੂਹ ਮਨੁੱਖਤਾ ਲਈ ਦਇਆ ਅਪਣਾਉਣ ਦੀ ਤਾਕੀਦ ਕੀਤੀ

**"ਦੁਨੀਆ ਭਰ ਵਿੱਚ ਇਸ ਸਮੇਂ ਮੇਰੀ ਆਵਾਜ਼ ਸੁਣ ਰਹੇ ਹਰ ਅਹਮਦੀ ਨੂੰ ਇਹ ਗੱਲ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ ਕਿ ਸਾਨੂੰ ਆਪਣੀ ਰੂਹਾਨੀ ਤਰੱਕੀ ਲਈ ਅਤੇ ਬੈਅਤ ਦੇ ਅਹਦ ਨੂੰ ਪੂਰਾ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ।"
— ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ**

28 ਦਸੰਬਰ 2025 ਨੂੰ ਅਹਮਦੀਆ ਮੁਸਲਿਮ ਜਮਾਤ ਦੇ ਵਿਸ਼ਵ ਪ੍ਰਮੁੱਖ, **ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ**, ਪੰਜਵੇਂ ਖ਼ਲੀਫ਼ਾ, ਨੇ ਭਾਰਤ ਦੇ ਕਾਦਿਆਨ ਵਿੱਚ ਆਯੋਜਿਤ ਅਹਮਦੀਆ ਮੁਸਲਿਮ ਜਮਾਤ ਦੇ 130ਵੇਂ ਸਾਲਾਨਾ ਜਲਸੇ (ਜਲਸਾ ਸਾਲਾਨਾ) ਦੇ ਅੰਤਿਮ ਇਜਲਾਸ ਨੂੰ ਸੰਬੋਧਨ ਕੀਤਾ।

ਆਪ ਜੀ ਨੇ ਯੂਕੇ ਦੇ ਟਿਲਫੋਰਡ ਸਥਿਤ ਇਸਲਾਮਾਬਾਦ ਦੇ ਮਸਰੂਰ ਹਾਲ ਤੋਂ ਅੰਤਿਮ ਇਜਲਾਸ ਦੀ ਅਗਵਾਈ ਕੀਤੀ, ਜਦਕਿ ਭਾਰਤ ਦੇ ਕਾਦਿਆਨ ਵਿੱਚ ਜਲਸਾ ਸਥਾਨ 'ਤੇ ਤੇਰਾਂ ਹਜ਼ਾਰ ਤੋਂ ਵੱਧ ਭਾਗੀਦਾਰ ਇਕੱਠੇ ਹੋਏ। ਇਸ ਦੇ ਨਾਲ ਹੀ, ਯੂਨਾਈਟਡ ਕਿੰਗਡਮ ਦੇ ਟਿਲਫ਼ੋਰਡ ਸਥਿਤ ਇਸਲਾਮਾਬਾਦ ਵਿੱਚ ਤਿੰਨ ਹਜ਼ਾਰ ਤਿੰਨ ਸੌ ਤੋਂ ਵੱਧ ਹਾਜ਼ਰੀਨ ਨੇ ਵੀ ਇਸ ਕਾਰਵਾਈ ਵਿੱਚ ਸ਼ਾਮਲ ਹੋ ਕੇ ਭਾਗ ਲਿਆ।

ਇਸ ਤੋਂ ਇਲਾਵਾ, ਆਪ ਜੀ ਨੇ ਐਲਾਨ ਕੀਤਾ ਕਿ ਨਾਈਜਰ, ਬੁਰਕੀਨਾ ਫ਼ਾਸੋ, ਸੇਨੇਗਾਲ, ਫ਼ਰੈਂਚ ਗੁਇਆਨਾ, ਚੈਕ ਗਣਰਾਜ, ਗਿਨੀ-ਬਿਸਾਊ, ਟੋਗੋ, ਕਾਂਗੋ-ਕਿਨਸ਼ਾਸਾ ਅਤੇ ਜਰਮਨੀ ਸਮੇਤ ਕਈ ਹੋਰ ਦੇਸ਼ਾਂ ਵਿੱਚ ਅਹਮਦੀ ਮੁਸਲਮਾਨਾਂ ਨੇ ਅੰਤਿਮ ਇਜਲਾਸ ਵਿੱਚ ਭਾਗ ਲੈਣ ਲਈ ਸਾਂਝੇ ਇਕੱਠ ਆਯੋਜਿਤ ਕੀਤੇ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਇਨ੍ਹਾਂ ਵਿੱਚੋਂ ਕੁਝ ਦੇਸ਼ਾਂ ਵਿੱਚ ਇਕੋ ਸਮੇਂ ਆਪਣੇ ਆਪਣੇ ਜਲਸਾ ਸਾਲਾਨਾ ਵੀ ਆਯੋਜਿਤ ਹੋ ਰਹੇ ਸਨ, ਜੋ ਇਸ ਸਮਾਗਮ ਦੀ ਸੱਚਮੁੱਚ ਵਿਸ਼ਵ ਪੱਧਰੀ ਪਹੁੰਚ ਨੂੰ ਦਰਸਾਉਂਦਾ ਹੈ।

ਆਪਣੇ ਸੰਬੋਧਨ ਦੌਰਾਨ, ਆਪ ਜੀ ਨੇ ਜਲਸਾ ਸਾਲਾਨਾ ਦੇ ਅਸਲ ਉਦੇਸ਼, ਬੈਅਤ (ਅਹਦ-ਏ-ਵਫ਼ਾਦਾਰੀ) ਨਾਲ ਜੁੜੀਆਂ ਜ਼ਿੰਮੇਵਾਰੀਆਂ ਅਤੇ ਜਮਾਤ ਅੰਦਰ ਸੱਚੀ ਨੇਕੀ ਦੀ ਤਤਕਾਲ ਲੋੜ ਬਾਰੇ ਵਿਚਾਰ ਪ੍ਰਗਟ ਕੀਤੇ।

ਸ਼ੁਰੂਆਤ ਵਿੱਚ, ਆਪ ਜੀ ਨੇ ਧਿਆਨ ਦਿਵਾਇਆ ਕਿ ਜਲਸਾ ਸਾਲਾਨਾ ਕਾਦਿਆਨ ਆਪਣੇ ਅੰਤ 'ਤੇ ਪਹੁੰਚ ਚੁੱਕਾ ਹੈ ਅਤੇ ਅਹਮਦੀਆ ਮੁਸਲਿਮ ਜਮਾਤ ਦੇ ਸੰਸਥਾਪਕ, **ਹਜ਼ਰਤ ਮਿਰਜ਼ਾ ਗੁਲਾਮ ਅਹਮਦ**, ਮਸੀਹ ਮੌਊਦ (ਅਲੈਹਿਸ ਸਲਾਮ) ਦੇ ਉਹ ਸ਼ਬਦ ਯਾਦ ਕਰਵਾਏ, ਜਿਨ੍ਹਾਂ ਵਿੱਚ ਉਨ੍ਹਾਂ ਨੇ ਇਸ ਇਕੱਠ ਨੂੰ ਸੱਚ ਦੀ ਮਦਦ ਅਤੇ ਇਸਲਾਮ ਦੀ ਉੱਚਤਾ ਲਈ ਕਾਇਮ ਕੀਤਾ ਗਿਆ ਇਕ ਸਮਾਗਮ ਕਿਹਾ ਸੀ, ਨਾ ਕਿ ਕੋਈ ਆਮ ਸੰਮੇਲਨ।

ਆਪ ਜੀ ਨੇ ਇਸ ਗੱਲ ਨੂੰ ਉਜਾਗਰ ਕੀਤਾ ਕਿ ਇਸ ਭਵਿੱਖਬਾਣੀ ਦਾ ਪੂਰਾ ਹੋਣਾ ਅੱਜ ਦੁਨੀਆ ਭਰ ਵਿੱਚ ਸਪਸ਼ਟ ਤੌਰ 'ਤੇ ਦਿੱਖ ਰਿਹਾ ਹੈ, ਕਿਉਂਕਿ ਵੱਖ-ਵੱਖ ਦੇਸ਼ਾਂ ਅਤੇ ਪਿਛੋਕੜਾਂ ਨਾਲ ਸੰਬੰਧਿਤ ਲੋਕ ਸੰਸਾਰ ਭਰ ਵਿੱਚ ਹੋ ਰਹੇ ਜਲਸਿਆਂ ਵਿੱਚ ਸ਼ਾਮਲ ਹੋ ਰਹੇ ਹਨ। ਆਪ ਜੀ ਨੇ ਦੱਸਿਆ ਕਿ ਕਾਦਿਆਨ, ਜੋ ਕਦੇ ਇੱਕ ਅਣਜਾਣ ਸ਼ਹਿਰ ਸੀ, ਹੁਣ ਅੰਤਰਰਾਸ਼ਟਰੀ ਇਕੱਠਾਂ ਦਾ ਕੇਂਦਰ ਬਣ ਚੁੱਕਾ ਹੈ, ਜਿੱਥੇ ਦਰਜਨਾਂ ਦੇਸ਼ਾਂ ਦੀ ਨੁਮਾਇੰਦਗੀ ਹੁੰਦੀ ਹੈ।

**ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਫ਼ਰਮਾਇਆ:**

"ਅੱਜ ਅਸੀਂ ਮਸੀਹ ਮੌਊਦ (ਅਲੈਹਿਸ ਸਲਾਮ) ਦੇ ਇਸ ਬਿਆਨ ਦੀ ਪੂਰਤੀ ਨੂੰ ਆਪਣੀਆਂ ਅੱਖਾਂ ਨਾਲ ਦੇਖ ਰਹੇ ਹਾਂ, ਕਿਉਂਕਿ ਦੁਨੀਆ ਦੇ ਹਰ ਕੋਨੇ ਵਿੱਚ ਜਲਸੇ ਆਯੋਜਿਤ ਹੋ ਰਹੇ ਹਨ ਅਤੇ, ਜਿਵੇਂ ਉਨ੍ਹਾਂ ਨੇ ਪੇਸ਼ਗੋਈ ਕੀਤੀ ਸੀ, ਕੌਮਾਂ ਇਨ੍ਹਾਂ ਵਿੱਚ ਸ਼ਾਮਲ ਹੋ ਰਹੀਆਂ ਹਨ। ਕਾਦਿਆਨ ਦਾ ਸ਼ਹਿਰ, ਜੋ ਕਦੇ ਅਣਜਾਣ ਸੀ, ਅੱਜ ਕਈ ਦੇਸ਼ਾਂ ਦੇ ਲੋਕਾਂ ਅਤੇ ਕੌਮਾਂ ਨੂੰ ਇਸ ਜਲਸੇ ਵਿੱਚ ਭਾਗ ਲੈਂਦੇ ਹੋਏ ਦੇਖ ਰਿਹਾ ਹੈ। ਮੌਜੂਦਾ ਉਪਲਬਧ ਜਾਣਕਾਰੀ ਅਨੁਸਾਰ, ਇੱਥੇ ਸੈਂਤੀ (37) ਦੇਸ਼ਾਂ ਦੀ ਨੁਮਾਇੰਦਗੀ ਮੌਜੂਦ ਹੈ।"

ਆਪ ਜੀ ਨੇ ਅੱਗੇ ਫ਼ਰਮਾਇਆ:

"ਇਸ ਤਰ੍ਹਾਂ, ਇਹ ਗੱਲ ਬਿਲਕੁਲ ਸਪਸ਼ਟ ਅਤੇ ਪ੍ਰਗਟ ਸਬੂਤ ਹੈ ਕਿ ਇਸ ਜਲਸੇ ਨੂੰ ਅੱਲ੍ਹਾ ਤਆਲਾ ਦੀ ਵਿਸ਼ੇਸ਼ ਮਦਦ ਹਾਸਲ ਹੈ। ਹਾਲਾਂਕਿ, ਇਸ ਦੇ ਨਾਲ ਨਾਲ ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਇਸ ਦੀਆਂ ਬਰਕਤਾਂ ਤੋਂ ਕੇਵਲ ਉਹੀ ਲੋਕ ਲਾਭ ਉਠਾਉਣਗੇ ਜੋ ਮਸੀਹ ਮੌਊਦ (ਅਲੈਹਿਸ ਸਲਾਮ) ਨਾਲ ਕੀਤੀ ਗਈ ਬੈਅਤ ਦੇ ਅਹਦ 'ਤੇ ਡਟੇ ਰਹਿੰਦੇ ਹਨ। ਜੋ ਲੋਕ ਆਪਣੀ ਰੂਹਾਨੀ ਅਤੇ ਅਖਲਾਕੀ ਸੁਧਾਰ ਅਤੇ ਤਰੱਕੀ ਵੱਲ ਧਿਆਨ ਨਹੀਂ ਦਿੰਦੇ, ਉਹ ਇਨ੍ਹਾਂ ਬਰਕਤਾਂ ਤੋਂ ਲਾਭ ਪ੍ਰਾਪਤ ਨਹੀਂ ਕਰ ਸਕਦੇ।"

ਸੰਬੋਧਨ ਦਾ ਕੇਂਦਰੀ ਵਿਸ਼ਾ ਬੈਅਤ (ਅਹਦ-ਏ-ਵਫ਼ਾਦਾਰੀ) ਦੇ ਅਸਲ ਅਰਥ ਅਤੇ ਉਸ ਦੀਆਂ ਸ਼ਰਤਾਂ ਸਨ। ਆਪ ਜੀ ਨੇ ਸਮਝਾਇਆ ਕਿ ਬੈਅਤ ਕੋਈ ਰਸਮੀ ਕਰਵਾਈ ਨਹੀਂ, ਬਲਕਿ ਇੱਕ ਉਮਰ ਭਰ ਦਾ ਅਹਦ ਹੈ, ਜਿਸ ਵਿੱਚ ਹਰ ਕਿਸਮ ਦੇ ਸ਼ਿਰਕ (ਸਾਂਝ ਪਾਉਣ) ਨੂੰ ਛੱਡਣਾ ਲਾਜ਼ਮੀ ਹੈ—ਇਸ ਵਿੱਚ ਲੁਕਵੇਂ ਅਤੇ ਬਰੀਕ ਰੂਪ ਵੀ ਸ਼ਾਮਲ ਹਨ, ਜਿਵੇਂ ਕਿ ਪਰਮਾਤਮਾ ਦੀ ਥਾਂ ਆਪਣੇ ਅਹੰਕਾਰ, ਦੌਲਤ, ਤਾਕਤ ਜਾਂ ਦੁਨਿਆਵੀ ਤਦਬੀਰਾਂ 'ਤੇ ਭਰੋਸਾ ਕਰਨਾ।

ਆਪ ਜੀ ਨੇ ਮਸੀਹ ਮੌਊਦ (ਅਲੈਹਿਸ ਸਲਾਮ) ਵੱਲੋਂ ਵਿਆਖਿਆ ਕੀਤੇ ਗਏ ਸ਼ਿਰਕ ਦੇ ਅਸਲ ਅਰਥ ਵੀ ਸਮਝਾਏ। ਮਸੀਹ ਮੌਊਦ (ਅਲੈਹਿਸ ਸਲਾਮ) ਦੇ ਹਵਾਲੇ ਨਾਲ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਫ਼ਰਮਾਇਆ:

"ਯਾਦ ਰੱਖੋ ਕਿ ਸੱਚੀ ਤੌਹੀਦ [ਅੱਲ੍ਹਾ ਤਆਲਾ ਦੀ ਇਕਤਾ 'ਤੇ ਇਮਾਨ], ਜਿਸ ਦੀ ਗਵਾਹੀ ਅੱਲ੍ਹਾ ਸਾਡੇ ਤੋਂ ਮੰਗਦਾ ਹੈ ਅਤੇ ਜਿਸ 'ਤੇ ਨਜਾਤ ਨਿਰਭਰ ਕਰਦੀ ਹੈ, ਇਹ ਹੈ ਕਿ ਅੱਲ੍ਹਾ ਨੂੰ ਹਰ ਕਿਸਮ ਦੇ ਸਾਂਝੀਦਾਰ ਤੋਂ ਪਾਕ ਸਮਝਿਆ ਜਾਵੇ—ਚਾਹੇ ਉਹ ਮੂਰਤੀ ਹੋਵੇ, ਕੋਈ ਮਨੁੱਖ, ਸੂਰਜ ਜਾਂ ਚੰਦਰਮਾ, ਆਪਣਾ ਆਪ ਹੋਵੇ ਜਾਂ ਆਪਣੀਆਂ ਯੋਜਨਾਵਾਂ, ਤਦਬੀਰਾਂ ਅਤੇ ਧੋਖੇ—ਅਤੇ ਉਸ ਦੇ ਨਾਲ ਕਿਸੇ ਨੂੰ ਵੀ ਤਾਕਤ ਦਾ ਮਾਲਕ ਨਾ ਸਮਝਿਆ ਜਾਵੇ। ਅਰਥਾਤ, ਹਮੇਸ਼ਾ ਇਹ ਗੱਲ ਮਨ ਵਿੱਚ ਰੱਖੀ ਜਾਵੇ ਕਿ ਕਿਸੇ ਨੂੰ ਵੀ ਉਸ 'ਤੇ ਅਧਿਕਾਰ ਪ੍ਰਾਪਤ ਨਹੀਂ। ਕੇਵਲ ਅੱਲ੍ਹਾ ਤਆਲਾ ਹੀ ਮੇਰੇ ਹਰ ਕੰਮ ਨੂੰ ਅੰਜਾਮ ਤੱਕ ਪਹੁੰਚਾਉਣ, ਉਸ ਨੂੰ ਪੂਰਾ ਕਰਨ ਅਤੇ ਉਸ ਤੋਂ ਚੰਗੇ ਨਤੀਜੇ ਪੈਦਾ ਕਰਨ ਦੀ ਤਾਕਤ ਰੱਖਦਾ ਹੈ; ਇਸ ਲਈ ਮੈਨੂੰ ਕੇਵਲ ਉਸੀ ਦੇ ਅੱਗੇ ਝੁਕਣਾ ਚਾਹੀਦਾ ਹੈ।"

ਆਪ ਜੀ ਨੇ ਵਿਆਖਿਆ ਕੀਤੀ ਕਿ ਆਧੁਨਿਕ ਦੌਰ ਵਿੱਚ ਅਖਲਾਕੀ ਚੁਣੌਤੀਆਂ ਦੀ ਵਿਸ਼ਾਲ ਰੇਂਜ ਵੱਧਦੀ ਜਾ ਰਹੀ ਹੈ, ਅਤੇ ਇਨ੍ਹਾਂ ਤੋਂ ਆਪਣੇ ਆਪ ਨੂੰ ਬਚਾਉਣ ਲਈ ਅਨੁਸ਼ਾਸਨ ਅਤੇ ਸੰਯਮ ਦੀ ਲੋੜ ਹੈ। ਉਨ੍ਹਾਂ ਨੇ ਕਿਹਾ ਕਿ ਜੋ ਲੋਕ ਬੈਅਤ ਵਿੱਚ ਦਾਖ਼ਲ ਹੁੰਦੇ ਹਨ, ਉਹ ਹਰ ਹਾਲਤ ਵਿੱਚ ਸਚਾਈ ਨਾਲ ਜੁੜੇ ਰਹਿਣ ਅਤੇ ਅਖਲਾਕੀ ਪਵਿਤ੍ਰਤਾ ਨੂੰ ਕਾਇਮ ਰੱਖਣ ਦਾ ਅਹਦ ਕਰਦੇ ਹਨ—ਨਾ ਕੇਵਲ ਆਪਣੇ ਅਮਲਾਂ ਵਿੱਚ, ਬਲਕਿ ਆਪਣੇ ਵਿਚਾਰਾਂ ਅਤੇ ਚਾਲ-ਚਲਨ ਵਿੱਚ ਵੀ।

ਆਪ ਜੀ ਨੇ ਧਿਆਨ ਦਿਵਾਇਆ ਕਿ ਆਧੁਨਿਕ ਮੀਡੀਆ ਅਤੇ ਉਭਰ ਰਹੀਆਂ ਤਕਨੀਕਾਂ ਅਕਸਰ ਵਿਅਕਤੀਆਂ ਨੂੰ ਅਜਿਹੀ ਸਮੱਗਰੀ ਸਾਹਮਣੇ ਲਿਆਉਂਦੀਆਂ ਹਨ ਜੋ ਭਾਵੇਂ ਸਿੱਧੇ ਤੌਰ 'ਤੇ ਗਲਤ ਕੰਮਾਂ ਵੱਲ ਨਾ ਵੀ ਲੈ ਕੇ ਜਾਣ, ਪਰ ਨੁਕਸਾਨਦੇਹ ਵਿਚਾਰ ਪੈਦਾ ਕਰ ਸਕਦੀਆਂ ਹਨ ਅਤੇ ਮਨੁੱਖ ਦੀ ਅਖਲਾਕੀ ਹੱਦਾਂ ਨੂੰ ਕਮਜ਼ੋਰ ਕਰ ਦਿੰਦੀਆਂ ਹਨ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਅਜਿਹੇ ਪ੍ਰਭਾਵਾਂ ਤੋਂ ਬਚਣਾ ਅਤੇ ਆਪਣੀ ਨਜ਼ਰ ਅਤੇ ਵਿਚਾਰਾਂ ਦੀ ਹਿਫ਼ਾਜ਼ਤ ਕਰਨੀ ਸਾਡੇ ਧਰਮ ਦਾ ਇੱਕ ਅਹਿਮ ਹਿੱਸਾ ਹੈ।

ਆਪ ਜੀ ਨੇ ਹੋਰ ਵਿਆਖਿਆ ਕੀਤੀ ਕਿ ਬੈਅਤ (ਅਹਦ-ਏ-ਵਫ਼ਾਦਾਰੀ) ਦੀ ਅਸਲ ਰੂਹ ਨੂੰ ਪੂਰਾ ਕਰਨ ਲਈ ਹਰ ਕਿਸਮ ਦੀ ਬਦਅਖਲਾਕੀ, ਅਸ਼ਲੀਲਤਾ, ਬੇਇਨਸਾਫ਼ੀ, ਬੇਇਮਾਨੀ, ਅਵਿਵਸਥਾ ਅਤੇ ਬਗਾਵਤ ਤੋਂ ਦੂਰ ਰਹਿਣਾ ਲਾਜ਼ਮੀ ਹੈ। ਵਿਅਕਤੀ ਨੂੰ ਆਪਣੇ ਆਪ ਨੂੰ ਦੁਨਿਆਵੀ ਖ਼ਾਹਿਸ਼ਾਂ ਦੇ ਅਧੀਨ ਨਹੀਂ ਹੋਣ ਦੇਣਾ ਚਾਹੀਦਾ, ਸਗੋਂ ਆਤਮ-ਸੰਯਮ ਅਪਣਾਉਣਾ ਚਾਹੀਦਾ ਹੈ। ਆਪ ਜੀ ਨੇ ਕਿਹਾ ਕਿ ਇਨ੍ਹਾਂ ਪ੍ਰਭਾਵਾਂ ਤੋਂ ਆਪਣੀ ਰੱਖਿਆ ਕਰ ਕੇ ਹੀ ਕੋਈ ਵਿਅਕਤੀ ਆਪਣੀ ਬੈਅਤ ਨਾਲ ਜੁੜੀਆਂ ਜ਼ਿੰਮੇਵਾਰੀਆਂ ਨੂੰ ਸੱਚਮੁੱਚ ਪੂਰਾ ਕਰ ਸਕਦਾ ਹੈ।

ਇਸ ਤੋਂ ਬਾਅਦ, ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਮਸੀਹ ਮੌਊਦ (ਅਲੈਹਿਸ ਸਲਾਮ) ਵੱਲੋਂ ਪੰਜ ਵਕਤ ਦੀ ਨਮਾਜ਼ ਦੀ ਅਹਿਮੀਅਤ 'ਤੇ ਦਿੱਤੇ ਗਏ ਜ਼ੋਰ ਬਾਰੇ ਗੱਲ ਕੀਤੀ।

ਆਪ ਜੀ ਨੇ ਫ਼ਰਮਾਇਆ:

"ਮਸੀਹ ਮੌਊਦ (ਅਲੈਹਿਸ ਸਲਾਮ) ਨੇ ਬਿਆਨ ਕੀਤਾ ਹੈ ਕਿ ਜਿਨ੍ਹਾਂ ਲੋਕਾਂ ਨੇ ਮੇਰੇ ਨਾਲ ਬੈਅਤ ਕੀਤੀ ਹੈ, ਉਨ੍ਹਾਂ ਲਈ ਪੰਜ ਵਕਤ ਦੀ ਨਮਾਜ਼ ਅਦਾ ਕਰਨੀ ਲਾਜ਼ਮੀ ਹੈ ਅਤੇ ਉਨ੍ਹਾਂ ਨੂੰ ਤਹੱਜੁਦ ਦੀ ਨਮਾਜ਼ (ਸਵੇਰ ਤੋਂ ਪਹਿਲਾਂ ਦੀ ਨਫ਼ਲ ਨਮਾਜ਼) ਅਦਾ ਕਰਨ ਦੀ ਵੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਹਜ਼ੂਰ ਅਕਰਮ ਸੱਲੱਲਾਹੁ ਅਲੈਹਿ ਵ ਸੱਲਮ 'ਤੇ ਦਰੂਦ ਭੇਜਣਾ, ਆਪਣੇ ਗੁਨਾਹਾਂ ਦੀ ਲਗਾਤਾਰ ਮਾਫ਼ੀ ਮੰਗਣੀ ਅਤੇ ਇਸਤਿਗ਼ਫ਼ਾਰ (ਅੱਲ੍ਹਾ ਤਆਲਾ ਤੋਂ ਮਾਫ਼ੀ ਮੰਗਣ ਦੀ ਦੁਆ) ਦੀ ਨਿਯਮਿਤ ਅਦਾਇਗੀ ਅਪਣਾਉਣੀ ਚਾਹੀਦੀ ਹੈ। ਉਨ੍ਹਾਂ ਨੂੰ ਦਿਲ ਦੀ ਗਹਿਰਾਈ ਤੋਂ ਅੱਲ੍ਹਾ ਤਆਲਾ ਦੀਆਂ ਨੇਮਤਾਂ ਨੂੰ ਯਾਦ ਰੱਖਣਾ ਅਤੇ ਉਸ ਦੀ ਹਮਦ-ਓ-ਸਨਾ ਨੂੰ ਆਪਣੀ ਰੋਜ਼ਾਨਾ ਦੀ ਆਦਤ ਬਣਾਉਣਾ ਚਾਹੀਦਾ ਹੈ।"

ਅੱਲ੍ਹਾ ਤਆਲਾ ਨਾਲ ਨੇੜਤਾ ਕਿਵੇਂ ਪੈਦਾ ਹੁੰਦੀ ਹੈ—ਇਸ ਬਾਰੇ ਅਕਸਰ ਪੁੱਛੇ ਜਾਂਦੇ ਸਵਾਲ ਦਾ ਜਵਾਬ ਦਿੰਦਿਆਂ, ਆਪ ਜੀ ਨੇ ਸਮਝਾਇਆ ਕਿ ਇਹ ਰਿਸ਼ਤਾ ਅੱਲ੍ਹਾ ਦੀ ਯਾਦ ਅਤੇ ਉਸ ਦਾ ਸ਼ੁਕਰ ਅਦਾ ਕਰਨ ਰਾਹੀਂ ਵਿਕਸਤ ਹੁੰਦਾ ਹੈ। ਉਨ੍ਹਾਂ ਨੇ ਕਿਹਾ ਕਿ ਬੈਅਤ ਆਪ ਹੀ ਇੱਕ ਸਪਸ਼ਟ ਰਾਹ ਦਰਸਾਉਂਦੀ ਹੈ, ਜਿਸ ਅਨੁਸਾਰ ਵਿਅਕਤੀ ਨੂੰ ਅੱਲ੍ਹਾ ਤਆਲਾ ਦੀਆਂ ਨੇਮਤਾਂ ਨੂੰ ਲਗਾਤਾਰ ਯਾਦ ਰੱਖਣਾ ਅਤੇ ਉਸ ਦੀ ਸਿਫ਼ਤ ਨੂੰ ਆਪਣੀ ਜ਼ਿੰਦਗੀ ਦਾ ਨਿਯਮਿਤ ਹਿੱਸਾ ਬਣਾਉਣਾ ਲਾਜ਼ਮੀ ਹੈ। ਆਪ ਜੀ ਨੇ ਵਿਆਖਿਆ ਕੀਤੀ:

"ਜਦੋਂ ਤੁਸੀਂ ਉਸ ਦੀ ਸਿਫ਼ਤ ਕਰਦੇ ਹੋ ਅਤੇ ਉਸ ਦੀਆਂ ਨੇਮਤਾਂ ਨੂੰ ਯਾਦ ਰੱਖਦੇ ਹੋ, ਤਾਂ ਅੱਲ੍ਹਾ ਤਆਲਾ ਨਾਲ ਨੇੜਤਾ ਆਪਣੇ ਆਪ ਹਾਸਲ ਹੋ ਜਾਂਦੀ ਹੈ।"

ਆਪ ਜੀ ਨੇ ਫਿਰ ਫ਼ਰਮਾਇਆ ਕਿ ਜੋ ਲੋਕ ਇਸ ਅਹਦ ਵਿਚ ਦਾਖ਼ਲ ਹੋਏ ਹਨ, ਉਨ੍ਹਾਂ ਨੂੰ ਕਦੇ ਵੀ ਅੱਲ੍ਹਾ ਦੀ ਮਖ਼ਲੂਕ ਨੂੰ ਨਾਜਾਇਜ਼ ਨੁਕਸਾਨ ਨਹੀਂ ਪਹੁੰਚਾਉਣਾ ਚਾਹੀਦਾ—ਚਾਹੇ ਬੋਲਾਂ ਰਾਹੀਂ ਹੋਵੇ, ਕਰਮਾਂ ਰਾਹੀਂ ਜਾਂ ਕਿਸੇ ਹੋਰ ਢੰਗ ਨਾਲ—ਅਤੇ ਇਹ ਜ਼ਿੰਮੇਵਾਰੀ ਸਾਰੇ ਲੋਕਾਂ ਲਈ ਆਮ ਤੌਰ 'ਤੇ ਲਾਗੂ ਹੁੰਦੀ ਹੈ, ਖ਼ਾਸ ਤੌਰ 'ਤੇ ਆਪਣੇ ਮੁਸਲਮਾਨ ਭਰਾਵਾਂ ਲਈ।

ਆਪ ਜੀ ਨੇ ਹੋਰ ਸਮਝਾਇਆ ਕਿ ਸੱਚੀ ਬੈਅਤ ਹਰ ਹਾਲਤ ਵਿੱਚ ਅੱਲ੍ਹਾ ਤਆਲਾ ਨਾਲ ਅਟੱਲ ਵਫ਼ਾਦਾਰੀ ਦੀ ਮੰਗ ਕਰਦੀ ਹੈ। ਸੁਖ ਹੋਵੇ ਜਾਂ ਦੁੱਖ, ਇੱਕ ਮੋਮਿਨ ਨੂੰ ਸਥਿਰ ਰਹਿਣਾ ਅਤੇ ਅੱਲ੍ਹਾ ਤਆਲਾ ਦੀ ਮਰਜ਼ੀ 'ਤੇ ਰਾਜ਼ੀ ਰਹਿਣਾ ਚਾਹੀਦਾ ਹੈ।

ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਫ਼ਰਮਾਇਆ:

“ਸਾਨੂੰ ਅੱਲ੍ਹਾ ਤਆਲਾ ਦੇ ਰਾਹ ਵਿੱਚ ਹਰ ਤਕਲੀਫ਼ ਸਹਿਣ ਲਈ ਤਿਆਰ ਰਹਿਣਾ ਚਾਹੀਦਾ ਹੈ, ਅਤੇ ਮੁਸ਼ਕਲ ਜਾਂ ਅਜ਼ਮਾਇਸ਼ ਦੇ ਵੇਲਿਆਂ ਵਿੱਚ ਕਦੇ ਵੀ ਉਸ ਤੋਂ ਮੂੰਹ ਨਹੀਂ ਮੋੜਣਾ ਚਾਹੀਦਾ… ਅੱਲ੍ਹਾ ਤਆਲਾ ਤੋਂ ਬਿਨਾਂ ਸਾਡੇ ਲਈ ਕੋਈ ਹੋਰ ਪਨਾਹਗਾਹ ਨਹੀਂ। ਸਾਨੂੰ ਕੇਵਲ ਉਸੀ ਦੇ ਅੱਗੇ ਝੁਕਣਾ ਚਾਹੀਦਾ ਹੈ, ਅਤੇ ਜਦੋਂ ਅਸੀਂ ਲਗਾਤਾਰ ਉਸ ਦੇ ਅੱਗੇ ਝੁਕਦੇ ਰਹਿੰਦੇ ਹਾਂ ਅਤੇ ਉਸ ਦੀ ਇਬਾਦਤ ਦਾ ਹੱਕ ਸਥਿਰਤਾ ਨਾਲ ਅਦਾ ਕਰਦੇ ਹਾਂ, ਤਾਂ ਅੱਲ੍ਹਾ ਤਆਲਾ ਵੀ ਆਪਣੀ ਕਿਰਪਾ ਨਵਾਜ਼ਦਾ ਹੈ।”

ਆਪ ਜੀ ਨੇ ਫਿਰ ਸਮਝਾਇਆ ਕਿ ਮਸੀਹ ਮੌਊਦ (ਅਲੈਹਿਸ ਸਲਾਮ) ਦੇ ਮਾਨਣ ਵਾਲਿਆਂ ਨੇ ਅਹੰਕਾਰ ਅਤੇ ਘਮੰਡ ਵਰਗੀਆਂ ਰੂਹਾਨੀ ਬੀਮਾਰੀਆਂ ਤੋਂ ਆਪਣੇ ਆਪ ਨੂੰ ਮੁਕਤ ਕਰਨ ਦਾ ਵੀ ਅਹਦ ਕੀਤਾ ਹੈ।

ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਫ਼ਰਮਾਇਆ:

“ਜੇਕਰ ਤੁਸੀਂ ਮਸੀਹ ਮੌਊਦ (ਅਲੈਹਿਸ ਸਲਾਮ) ਦੀ ਬੈਅਤ ਵਿੱਚ ਦਾਖ਼ਲ ਹੋ ਚੁੱਕੇ ਹੋ, ਤਾਂ ਤੁਹਾਨੂੰ ਕੁਝ [ਰੂਹਾਨੀ] ਬੀਮਾਰੀਆਂ ਨੂੰ ਵੀ ਛੱਡਣਾ ਹੋਵੇਗਾ—ਖ਼ਾਸ ਤੌਰ ‘ਤੇ ਅਹੰਕਾਰ ਨੂੰ ਕਦੇ ਵੀ ਆਪਣੇ ਦਿਲ ਵਿੱਚ ਥਾਂ ਨਾ ਦਿਓ। ਅਹੰਕਾਰ ਦੀ ਬੀਮਾਰੀ ਨੂੰ ਪੂਰੀ ਤਰ੍ਹਾਂ ਤਿਆਗ ਦਿਓ। ਘਮੰਡ ਨੂੰ ਛੱਡ ਕੇ ਇਸ ਦੀ ਥਾਂ ਨਿਮਰਤਾ, ਵਿਨਮ੍ਰਤਾ ਅਤੇ ਚੰਗੇ ਅਖਲਾਕ ਵਰਗੀਆਂ ਨੇਕੀਆਂ ਅਪਣਾਓ। ਤੁਹਾਨੂੰ ਨਰਮੀ ਅਤੇ ਸਾਦਗੀ ਨਾਲ ਭਰਪੂਰ ਜੀਵਨ ਜੀਊਣ ਦਾ ਅਹਦ ਕਰਨਾ ਚਾਹੀਦਾ ਹੈ। ਕੇਵਲ ਇਸੀ ਤਰ੍ਹਾਂ ਤੁਸੀਂ ਸੱਚੇ ਅਹਮਦੀ ਬਣ ਸਕਦੇ ਹੋ। ਇਸ ਲਈ, ਸਾਨੂੰ ਇਸ ਗੱਲ ਨੂੰ ਸਦਾ ਆਪਣੇ ਸਾਹਮਣੇ ਰੱਖਣਾ ਚਾਹੀਦਾ ਹੈ ਅਤੇ ਲਗਾਤਾਰ ਆਪਣਾ ਮੁਲਾਂਕਣ ਕਰਨਾ ਚਾਹੀਦਾ ਹੈ ਕਿ ਇਹ ਗੁਣ ਸਾਡੇ ਅੰਦਰ ਕਿੰਨੀ ਹੱਦ ਤੱਕ ਮੌਜੂਦ ਹਨ।”

ਇਸ ਤੋਂ ਬਾਅਦ, ਆਪ ਜੀ ਨੇ ਵਿਆਖਿਆ ਕੀਤੀ ਕਿ ਬੈਅਤ ਵਿੱਚ ਦਾਖ਼ਲ ਹੋਣ ਦਾ ਮਤਲਬ ਇਹ ਹੈ ਕਿ ਇਮਾਨ ਅਤੇ ਧਰਮ ਦੀ ਇਜ਼ਜ਼ਤ ਨੂੰ ਹਰ ਕਿਸਮ ਦੇ ਨਿੱਜੀ ਲਾਭ ਤੋਂ ਉੱਪਰ ਰੱਖਿਆ ਜਾਵੇ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਸੱਚੀ ਬੈਅਤ ਅੱਲ੍ਹਾ ਤਆਲਾ ਦੀ ਰਜ਼ਾ ਦੀ ਤਲਾਸ਼ ਲਈ ਪੂਰੀ ਸਮਰਪਣਤਾ ਅਤੇ ਲੋੜ ਪੈਣ ‘ਤੇ ਕੁਰਬਾਨੀ ਦੇਣ ਦੀ ਤਿਆਰੀ ਦੀ ਮੰਗ ਕਰਦੀ ਹੈ। ਆਪ ਜੀ ਨੇ ਜਮਾਤ ਨੂੰ ਯਾਦ ਦਿਵਾਇਆ ਕਿ ਭਾਵੇਂ ਇਹ ਅਹਦ ਕਈ ਵਾਰ ਨਵਾਂ ਕੀਤਾ ਜਾਂਦਾ ਹੈ, ਪਰ ਇਸ ਦੀ ਅਸਲ ਕਦਰ ਸ਼ਬਦੀ ਦੁਹਰਾਵ ਵਿੱਚ ਨਹੀਂ, ਸਗੋਂ ਇਸਨੂੰ ਆਪਣੀ ਜ਼ਿੰਦਗੀ ਦਾ ਕੇਂਦਰ ਬਣਾਕੇ ਅਮਲ ਵਿੱਚ ਲਿਆਂਦਾ ਹੈ।

ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਹੋਰ ਵੀ ਸਮਝਾਇਆ ਕਿ ਅੱਲ੍ਹਾ ਦੀ ਮਖ਼ਲੂਕ ਲਈ ਦਇਆ ਇਮਾਨ ਦਾ ਇੱਕ ਅਟੁੱਟ ਹਿੱਸਾ ਹੈ, ਅਤੇ ਅਜਿਹੀ ਦਇਆ ਦਾ ਮਕਸਦ ਕੇਵਲ ਅੱਲ੍ਹਾ ਤਆਲਾ ਦੀ ਰਜ਼ਾ ਹਾਸਲ ਕਰਨਾ ਹੋਣਾ ਚਾਹੀਦਾ ਹੈ।

ਆਪ ਜੀ ਨੇ ਫ਼ਰਮਾਇਆ:

“ਤੁਸੀਂ ਮਸੀਹ ਮੌਊਦ (ਅਲੈਹਿਸ ਸਲਾਮ) ਨਾਲ ਕੀਤੀ ਗਈ ਬੈਅਤ ਦਾ ਅਸਲ ਹੱਕ ਤਦੋਂ ਹੀ ਅਦਾ ਕਰ ਸਕਦੇ ਹੋ, ਜਦੋਂ ਤੁਹਾਡੇ ਅੰਦਰ ਅੱਲ੍ਹਾ ਤਆਲਾ ਦੀ ਮਖ਼ਲੂਕ ਲਈ ਦਇਆ ਮੌਜੂਦ ਹੋਵੇ, ਅਤੇ ਇਹ ਦਇਆ ਕੇਵਲ ਅੱਲ੍ਹਾ ਦੀ ਖ਼ਾਤਿਰ ਹੋਵੇ। ਜਿੱਥੋਂ ਤੱਕ ਸੰਭਵ ਹੋਵੇ, ਅਤੇ ਅੱਲ੍ਹਾ ਤਆਲਾ ਵੱਲੋਂ ਤੁਹਾਨੂੰ ਦਿੱਤੀਆਂ ਤਾਕਤਾਂ ਅਤੇ ਨੇਮਤਾਂ ਦੀ ਵਰਤੋਂ ਕਰਦੇ ਹੋਏ, ਤੁਹਾਨੂੰ ਮਨੁੱਖਤਾ ਦੀ ਭਲਾਈ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਵਿੱਚ ਮਾਲੀ ਕੁਰਬਾਨੀ, ਸਮੇਂ ਦੀ ਕੁਰਬਾਨੀ ਅਤੇ ਮਦਦ ਦੇ ਹੋਰ ਵੱਖ-ਵੱਖ ਰੂਪ ਸ਼ਾਮਲ ਹਨ। ਇਸ ਲਈ, ਜਿਸ ਵੀ ਢੰਗ ਨਾਲ ਕੋਈ ਵਿਅਕਤੀ ਦੂਜਿਆਂ ਦੀ ਮਦਦ ਕਰ ਸਕੇ ਅਤੇ ਅੱਲ੍ਹਾ ਦੀ ਮਖ਼ਲੂਕ ਦੀ ਸੇਵਾ ਕਰ ਸਕੇ, ਉਸਨੂੰ ਅਜਿਹਾ ਕਰਨਾ ਚਾਹੀਦਾ ਹੈ।”

ਇਸ ਤੋਂ ਬਾਅਦ, ਆਪ ਜੀ ਨੇ ਬਿਆਨ ਕੀਤਾ ਕਿ ਬੈਅਤ ਦੀ ਸੱਚੀ ਪੂਰਤੀ ਮਸੀਹ ਮੌਊਦ (ਅਲੈਹਿਸ ਸਲਾਮ) ਦੀ ਪੂਰੀ ਤਰ੍ਹਾਂ ਆਗਿਆਪਾਲਨਾ ਅਤੇ ਵਫ਼ਾਦਾਰੀ ਰਾਹੀਂ ਹੀ ਸੰਭਵ ਹੈ। ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਸਮਝਾਇਆ ਕਿ ਇਹ ਆਗਿਆਪਾਲਨਾ ਕੇਵਲ ਕਹਿਣ ਦੀ ਗੱਲ ਨਹੀਂ, ਬਲਕਿ ਅਮਲ ਵਿੱਚ ਹੋਣੀ ਚਾਹੀਦੀ ਹੈ ਅਤੇ ਮਸੀਹ ਮੌਊਦ (ਅਲੈਹਿਸ ਸਲਾਮ) ਦੀਆਂ ਸਿਖਿਆਵਾਂ ਅਤੇ ਉਦੇਸ਼ਾਂ ਨਾਲ ਨਿਸ਼ਠਾ ਦੇ ਰੂਪ ਵਿੱਚ ਵਿਅਕਤੀ ਦੇ ਵਰਤਾਅ ਵਿੱਚ ਨਜ਼ਰ ਆਉਣੀ ਚਾਹੀਦੀ ਹੈ, ਜਿਨ੍ਹਾਂ ਲਈ ਉਨ੍ਹਾਂ ਨੂੰ ਭੇਜਿਆ ਗਿਆ ਸੀ।

ਮਸੀਹ ਮੌਊਦ (ਅਲੈਹਿਸ ਸਲਾਮ) ਦੇ ਮਿਸ਼ਨ ਅਤੇ ਉਹਨਾਂ ਉਦੇਸ਼ਾਂ ਬਾਰੇ ਜਿਨ੍ਹਾਂ ਲਈ ਉਨ੍ਹਾਂ ਨੂੰ ਇਸ ਸੰਸਾਰ ਵਿੱਚ ਭੇਜਿਆ ਗਿਆ, ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਫ਼ਰਮਾਇਆ:

"ਮਸੀਹ ਮੌਊਦ (ਅਲੈਹਿਸ ਸਲਾਮ) ਇਸ ਸੰਸਾਰ ਵਿੱਚ ਇਸ ਲਈ ਆਏ ਕਿ ਸਮੇਂ ਦੇ ਗੁਜ਼ਰਣ ਅਤੇ ਭਟਕੇ ਹੋਏ ਲੋਕਾਂ ਦੇ ਕਰਤੂਤਾਂ ਕਾਰਨ ਇਸਲਾਮ ਦੀਆਂ ਸਿਖਿਆਵਾਂ 'ਤੇ ਪੈ ਗਈ ਧੂੜ ਨੂੰ ਦੂਰ ਕੀਤਾ ਜਾਵੇ ਅਤੇ ਇਸਲਾਮ ਨੂੰ ਦੁਬਾਰਾ ਉਸ ਦੇ ਸ਼ੁੱਧ ਅਤੇ ਚਮਕਦਾਰ ਰੂਪ ਵਿੱਚ ਦੁਨੀਆ ਦੇ ਸਾਹਮਣੇ ਪੇਸ਼ ਕੀਤਾ ਜਾਵੇ। ਉਨ੍ਹਾਂ ਦਾ ਮਿਸ਼ਨ ਇਹ ਸੀ ਕਿ ਹਜ਼ਰਤ ਮੁਹੰਮਦ ਮੁਸਤਫ਼ਾ ਸੱਲੱਲਾਹੁ ਅਲੈਹਿ ਵ ਸੱਲਮ ਵੱਲੋਂ ਲਿਆਂਦੇ ਗਏ ਅਸਲ ਧਰਮ ਨੂੰ ਲੋਕਾਂ ਦੇ ਸਾਹਮਣੇ ਪੇਸ਼ ਕੀਤਾ ਜਾਵੇ, ਉਸ 'ਤੇ ਅਮਲੀ ਤੌਰ 'ਤੇ ਚੱਲਣ ਦੀ ਤਰਗੀਬ ਦਿੱਤੀ ਜਾਵੇ, ਅਤੇ ਇਸ ਮਕਸਦ ਲਈ ਇੱਕ ਜਮਾਤ ਤਿਆਰ ਕੀਤੀ ਜਾਵੇ।"

ਆਪ ਜੀ ਨੇ ਅੱਗੇ ਫ਼ਰਮਾਇਆ:

"ਇਸ ਤਰ੍ਹਾਂ, ਇਹੀ ਉਹ ਉਦੇਸ਼ ਸਨ ਜਿਨ੍ਹਾਂ ਲਈ ਉਨ੍ਹਾਂ ਨੂੰ ਭੇਜਿਆ ਗਿਆ ਸੀ। ਉਨ੍ਹਾਂ ਨੇ ਕਿਹਾ ਕਿ ਜਦੋਂ ਤੱਕ ਤੁਹਾਡੀ ਹਾਲਤ ਅਜਿਹੀ ਨਹੀਂ ਬਣ ਜਾਂਦੀ ਕਿ ਤੁਸੀਂ ਹਰ ਪੱਖੋਂ ਮੇਰੀ ਆਗਿਆਪਾਲਨਾ ਕਰੋ, ਅਤੇ ਕੋਈ ਵੀ ਦੁਨਿਆਵੀ ਰਿਸ਼ਤਾ, ਲਗਾਅ ਜਾਂ ਗ਼ੁਲਾਮੀ ਦੀ ਸਥਿਤੀ ਇਸ ਅਹਦ ਵਿੱਚ ਰੁਕਾਵਟ ਨਾ ਬਣੇ, ਤਦੋਂ ਤੱਕ ਤੁਸੀਂ ਬੈਅਤ ਦਾ ਹੱਕ ਅਦਾ ਨਹੀਂ ਕਰ ਸਕਦੇ।"

ਆਪ ਜੀ ਨੇ ਹਰ ਵਿਅਕਤੀ ਨੂੰ ਖ਼ੁਲੂਸ ਨਾਲ ਆਪਣੇ ਆਪ ਦਾ ਮੁਹਾਸਿਬਾ ਕਰਨ ਅਤੇ ਇਹ ਪਰਖਣ ਦੀ ਤਾਕੀਦ ਕੀਤੀ ਕਿ ਉਹ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਇਨ੍ਹਾਂ ਸਿਖਿਆਵਾਂ 'ਤੇ ਕਿੰਨਾ ਅਮਲ ਕਰ ਰਹੇ ਹਨ। ਉਨ੍ਹਾਂ ਨੇ ਸਮਝਾਇਆ ਕਿ ਭਾਵੇਂ ਬੈਅਤ ਅਤੇ ਜਲਸਿਆਂ ਵਿੱਚ ਸ਼ਮੂਲੀਅਤ ਰੂਹਾਨੀ ਤਰੱਕੀ ਲਈ ਕੀਮਤੀ ਮੌਕੇ ਪ੍ਰਦਾਨ ਕਰਦੀਆਂ ਹਨ, ਪਰ ਉਨ੍ਹਾਂ ਦਾ ਅਸਲ ਮਕਸਦ ਇਬਾਦਤ ਦਾ ਮਾਹੌਲ ਪੈਦਾ ਕਰਨਾ ਹੈ। ਮਸੀਹ ਮੌਊਦ (ਅਲੈਹਿਸ ਸਲਾਮ) ਵੱਲੋਂ ਕਾਇਮ ਕੀਤੀ ਗਈ ਜਲਸਾ ਦੀ ਸੰਸਥਾ ਰਾਹੀਂ ਇੱਕ ਅਜਿਹਾ ਰੂਹਾਨੀ ਵਾਤਾਵਰਣ ਬਣਾਇਆ ਗਿਆ ਹੈ ਜੋ ਲੋਕਾਂ ਨੂੰ ਮੁੜ ਅੱਲ੍ਹਾ ਤਆਲਾ ਨਾਲ ਜੋੜਦਾ ਹੈ।

ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਫ਼ਰਮਾਇਆ:

"ਇਸ ਲਈ, ਇਸ ਸਮੇਂ ਮੇਰੀ ਗੱਲ ਸੁਣ ਰਹੇ ਦੁਨੀਆ ਭਰ ਦੇ ਹਰ ਅਹਮਦੀ ਨੂੰ ਇਹ ਗੱਲ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ ਕਿ ਸਾਨੂੰ ਆਪਣੀ ਰੂਹਾਨੀ ਤਰੱਕੀ ਅਤੇ ਬੈਅਤ ਦੇ ਅਹਦ ਨੂੰ ਪੂਰਾ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਾਨੂੰ ਇਨ੍ਹਾਂ ਗੱਲਾਂ ਨੂੰ ਸਦਾ ਆਪਣੇ ਸਾਹਮਣੇ ਰੱਖਣਾ ਚਾਹੀਦਾ ਹੈ, ਪੂਰੀ ਸਮਰਥਾ ਨਾਲ ਇਨ੍ਹਾਂ 'ਤੇ ਅਮਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਕਦੇ ਵੀ ਇਨ੍ਹਾਂ ਤੋਂ ਦੂਰ ਨਹੀਂ ਹੋਣਾ ਚਾਹੀਦਾ।"

ਆਪ ਜੀ ਨੇ ਉਜਾਗਰ ਕੀਤਾ ਕਿ ਮਸੀਹ ਮੌਊਦ (ਅਲੈਹਿਸ ਸਲਾਮ) ਦੇ ਅਨੁਸਾਰ ਇੱਕ ਗੁਣ ਐਸਾ ਹੈ ਜੋ ਸਾਰੇ ਹੋਰ ਗੁਣਾਂ ਤੋਂ ਵੱਧ ਮਹੱਤਵਪੂਰਨ ਹੈ, ਅਤੇ ਉਹ ਹੈ ਤਕਵਾ (ਪਰਹੇਜ਼ਗਾਰੀ)। ਮਸੀਹ ਮੌਊਦ (ਅਲੈਹਿਸ ਸਲਾਮ) ਦੇ ਸ਼ਬਦਾਂ ਦਾ ਹਵਾਲਾ ਦਿੰਦਿਆਂ, ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਫ਼ਰਮਾਇਆ:

"ਕੇਵਲ ਸ਼ਬਦ ਬਿਨਾਂ ਅਮਲ ਦੇ ਕਿਸੇ ਵੀ ਲਾਭ ਦੇ ਨਹੀਂ ਹੁੰਦੇ। ਜੇਕਰ ਤੁਸੀਂ ਇਸਲਾਮ ਦੀ ਸੇਵਾ ਕਰਨਾ ਚਾਹੁੰਦੇ ਹੋ, ਜੇਕਰ ਤੁਸੀਂ ਆਪਣੀ ਬੈਅਤ ਦਾ ਹੱਕ ਅਦਾ ਕਰਨਾ ਚਾਹੁੰਦੇ ਹੋ, ਤਾਂ ਸਭ ਤੋਂ ਪਹਿਲਾਂ ਆਪਣੇ ਅੰਦਰ ਤਕਵਾ ਅਤੇ ਪਾਕੀਜ਼ਗੀ ਅਪਣਾਉ। ਜਦੋਂ ਤੁਸੀਂ ਅਜਿਹਾ ਕਰਦੇ ਹੋ, ਤਾਂ ਤੁਸੀਂ ਅੱਲ੍ਹਾ ਤਆਲਾ ਦੀ ਹਿਫ਼ਾਜ਼ਤ ਦੇ ਮਜ਼ਬੂਤ ਕਿਲ੍ਹੇ ਵਿੱਚ ਦਾਖ਼ਲ ਹੋ ਜਾਂਦੇ ਹੋ—ਇੱਕ ਅਜਿਹਾ ਸ਼ਕਤੀਸ਼ਾਲੀ ਕਿਲ੍ਹਾ ਕਿ ਕੋਈ ਵੀ ਨੁਕਸਾਨ ਤੁਹਾਡੇ ਤੱਕ ਨਹੀਂ ਪਹੁੰਚ ਸਕੇਗਾ।"

ਆਪ ਜੀ ਨੇ ਅੱਗੇ ਫ਼ਰਮਾਇਆ:

“ਇੱਕ ਹੋਰ ਥਾਂ ‘ਤੇ ਮਸੀਹ ਮੌਊਦ (ਅਲੈਹਿਸ ਸਲਾਮ) ਨੇ ਬਿਆਨ ਕੀਤਾ ਹੈ ਕਿ ਤਕਵਾ ਐਸਾ ਇਕੱਲਾ ਗੁਣ ਹੈ ਜਿਸਨੂੰ ਸ਼ਰੀਅਤ (ਇਸਲਾਮੀ ਕਾਨੂੰਨ) ਦੀ ਰੂਹ ਕਿਹਾ ਜਾ ਸਕਦਾ ਹੈ। ਜੇਕਰ ਸ਼ਰੀਅਤ ਦਾ ਸੰਖੇਪ ਵਿੱਚ ਵਰਣਨ ਕੀਤਾ ਜਾਵੇ, ਤਾਂ ਸ਼ਰੀਅਤ ਦਾ ਮੂਲ ਤੱਤ ਤਕਵਾ ਹੀ ਹੈ। ਇਸ ਲਈ, ਇਹ ਇੱਕ ਬੁਨਿਆਦੀ ਗੱਲ ਹੈ ਜਿਸਨੂੰ ਸਾਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਕੇਵਲ ਤਦੋਂ ਹੀ, ਜਦੋਂ ਤਕਵਾ ਮੌਜੂਦ ਹੋਵੇ, ਅਸੀਂ ਕਹਿ ਸਕਦੇ ਹਾਂ ਕਿ ਸਾਡਾ ਮੁਸਲਮਾਨ ਹੋਣਾ ਅਤੇ ਸਾਡਾ ਅਹਮਦੀ ਹੋਣਾ ਸਾਨੂੰ ਸੱਚਮੁੱਚ ਲਾਭ ਪਹੁੰਚਾ ਸਕਦਾ ਹੈ; ਨਹੀਂ ਤਾਂ ਨਹੀਂ।”

ਆਪ ਜੀ ਨੇ ਸਮਝਾਇਆ ਕਿ ਦੁਆ ਦੀ ਕਬੂਲੀਅਤ ਦਾ ਸਿੱਧਾ ਅਤੇ ਅਟੁੱਟ ਸੰਬੰਧ ਤਕਵਾ ਨਾਲ ਹੈ, ਅਤੇ ਅੱਲ੍ਹਾ ਤਆਲਾ ਨੇ ਤਕਵਾ ਨੂੰ ਆਪਣੀ ਕਬੂਲੀਅਤ ਦੀ ਇੱਕ ਮੂਲ ਸ਼ਰਤ ਵਜੋਂ ਸਪਸ਼ਟ ਤੌਰ ‘ਤੇ ਕਾਇਮ ਕੀਤਾ ਹੈ। ਇਸ ਲਈ, ਆਪ ਜੀ ਨੇ ਸਾਮ੍ਹਣੇ ਬੈਠੇ ਹਾਜ਼ਰੀਨ ਨੂੰ ਯਾਦ ਦਿਵਾਇਆ ਕਿ ਤਕਵਾ (ਪਰਹੇਜ਼ਗਾਰੀ) ਲਈ ਕੋਸ਼ਿਸ਼ ਕੀਤੇ ਬਿਨਾਂ ਦੁਆਵਾਂ ਦੀ ਕਬੂਲੀਅਤ ਦੀ ਉਮੀਦ ਕਰਨਾ ਖੁਦ ਇਮਾਨ ਦੀ ਗਲਤ ਸਮਝ ਨੂੰ ਦਰਸਾਉਂਦਾ ਹੈ।

ਆਪ ਜੀ ਨੇ ਇਸ ਗੱਲ ‘ਤੇ ਜ਼ੋਰ ਦਿੱਤਾ ਕਿ ਜਮਾਤ ਦੇ ਹਰ ਮੈਂਬਰ ਲਈ ਤਕਵਾ ਦੇ ਮਾਰਗ ‘ਤੇ ਸਰਗਰਮੀ ਨਾਲ ਚੱਲਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਕੇਵਲ ਇਸੇ ਰਾਹੀਂ ਵਿਅਕਤੀ ਉਹ ਖੁਸ਼ੀ ਅਤੇ ਤਸੱਲੀ ਮਹਿਸੂਸ ਕਰ ਸਕਦਾ ਹੈ ਜੋ ਕਬੂਲ ਹੋਈਆਂ ਦੁਆਵਾਂ ਅਤੇ ਅੱਲ੍ਹਾ ਤਆਲਾ ਨਾਲ ਗਹਿਰੇ ਹੋ ਰਹੇ ਰਿਸ਼ਤੇ ਨਾਲ ਮਿਲਦੀ ਹੈ।

ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਫ਼ਰਮਾਇਆ:

“ਇਸ ਲਈ, ਯਾਦ ਰੱਖੋ ਕਿ ਤੁਹਾਡੀ ਕਾਮਯਾਬੀ ਤਕਵਾ ਵਿੱਚ ਹੀ ਹੈ। ਜੇਕਰ ਤੁਸੀਂ ਕਾਮਯਾਬੀ ਹਾਸਲ ਨਹੀਂ ਕਰ ਰਹੇ, ਤਾਂ ਇਸ ਦਾ ਮਤਲਬ ਹੈ ਕਿ ਤਕਵਾ ਮੌਜੂਦ ਨਹੀਂ। ਇਮਾਨ ਦੁਰੁਸਤ ਨਹੀਂ। ਕੇਵਲ ਤਦੋਂ ਹੀ, ਜਦੋਂ ਤਕਵਾ ਹੋਵੇ, ਤੁਸੀਂ ਕਾਮਯਾਬ ਹੋ ਸਕਦੇ ਹੋ। ਸ਼ਿਕਾਇਤਾਂ ਕੀਤੀਆਂ ਜਾਂਦੀਆਂ ਹਨ ਕਿ ਹਾਲਾਤ ਖ਼ਰਾਬ ਹਨ, ਕਿ ਫ਼ਲਾਂ ਥਾਂ ਮੁਸ਼ਕਲਾਂ ਹਨ। ਇਹ ਗੱਲ ਸਪਸ਼ਟ ਹੋਣੀ ਚਾਹੀਦੀ ਹੈ ਕਿ ਇਨ੍ਹਾਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਲਾਜ਼ਮੀ ਹੈ ਕਿ ਅਸੀਂ ਆਪਣੇ ਅੰਦਰ ਤਕਵਾ ਪੈਦਾ ਕਰੀਏ, ਅੱਲ੍ਹਾ ਤਆਲਾ ਨਾਲ ਇੱਕ ਵਿਸ਼ੇਸ਼ ਰਿਸ਼ਤਾ ਕਾਇਮ ਕਰੀਏ, ਅਤੇ ਇੰਨੀ ਬਾਰੀਕੀ ਨਾਲ ਧਿਆਨ ਰੱਖੀਏ ਕਿ ਨਾ ਕੋਈ ਅਮਲ, ਨਾ ਕੋਈ ਕਰਤੂਤ ਅਤੇ ਨਾ ਹੀ ਕੋਈ ਵਿਚਾਰ—ਰਤਾ ਭਰ ਵੀ—ਸ਼ਿਰਕ (ਸਾਂਝ ਪਾਉਣ) ਦਾ ਨਿਸ਼ਾਨ ਰੱਖੇ, ਅਤੇ ਸਾਡੇ ਅੰਦਰ ਸ਼ਿਰਕ ਦਾ ਕੋਈ ਲੁਕਿਆ ਹੋਇਆ ਜਾਂ ਓਹਲੇ ਰਹਿੰਦਾ ਰੂਪ ਮੌਜੂਦ ਨਾ ਰਹੇ। ਇਹ ਬਹੁਤ ਮਹੱਤਵਪੂਰਨ ਮਾਮਲਾ ਹੈ, ਅਤੇ ਮਸੀਹ ਮੌਊਦ (ਅਲੈਹਿਸ ਸਲਾਮ) ਨੇ ਸਾਨੂੰ ਇਸ ਬਾਰੇ ਮੁੜ ਮੁੜ ਤਾਕੀਦ ਕੀਤੀ ਹੈ। ਸਾਨੂੰ ਹਮੇਸ਼ਾ ਇਸ ਵੱਲ ਸਾਵਧਾਨ ਰਹਿਣਾ ਚਾਹੀਦਾ ਹੈ।”

ਮਸੀਹ ਮੌਊਦ (ਅਲੈਹਿਸ ਸਲਾਮ) ਦੇ ਸ਼ਬਦਾਂ ਦਾ ਹਵਾਲਾ ਦਿੰਦਿਆਂ, ਆਪ ਜੀ ਨੇ ਫ਼ਰਮਾਇਆ:

“ਫਿਰ ਮਸੀਹ ਮੌਊਦ (ਅਲੈਹਿਸ ਸਲਾਮ) ਨੇ ਫ਼ਰਮਾਇਆ: ‘ਮੈਂ ਇੰਨੀ ਸ਼ਿਦਤ ਨਾਲ ਦੁਆ ਕਰਦਾ ਹਾਂ ਕਿ ਕਈ ਵਾਰ ਦੁਆ ਕਰਦਿਆਂ ਮੇਰੇ ਉੱਤੇ ਕਮਜ਼ੋਰੀ ਛਾ ਜਾਂਦੀ ਹੈ, ਅਤੇ ਕਈ ਵਾਰ ਇਹ ਹਾਲਤ ਬੇਹੋਸ਼ੀ ਅਤੇ ਥਕਾਵਟ ਤੱਕ ਪਹੁੰਚ ਜਾਂਦੀ ਹੈ। ਤੁਹਾਡੇ ਲਈ ਮੇਰੀ ਬੇਚੈਨੀ ਦੀ ਇਹ ਹਾਲਤ ਹੈ—ਤਾਂ ਜੋ ਅੱਲ੍ਹਾ ਤਆਲਾ ਜਮਾਤ ਦੇ ਅੰਦਰ ਅਜਿਹਾ ਤਕਵਾ ਪੈਦਾ ਕਰ ਦੇਵੇ।’”

ਮਸੀਹ ਮੌਊਦ (ਅਲੈਹਿਸ ਸਲਾਮ) ਦੇ ਇਸ ਕੌਲ ਨੂੰ ਬਿਆਨ ਕਰਨ ਤੋਂ ਬਾਅਦ, ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਫ਼ਰਮਾਇਆ:

“ਇਸ ਲਈ, ਇਹ ਸੁਣ ਕੇ ਸਾਨੂੰ ਆਪਣੇ ਆਪ ਦਾ ਜਾਇਜ਼ਾ ਲੈਣਾ ਚਾਹੀਦਾ ਹੈ ਕਿ ਅਸੀਂ ਤਕਵਾ ਦੇ ਰਾਹਾਂ ‘ਤੇ ਚੱਲ ਕੇ ਆਪਣੀ ਬੈਅਤ ਨੂੰ ਕਿੰਨੀ ਹੱਦ ਤੱਕ ਪੂਰਾ ਕਰ ਰਹੇ ਹਾਂ। ਜਿਸ ਹਸਤੀ ਨਾਲ ਅਸੀਂ ਬੈਅਤ ਕੀਤੀ ਹੈ, ਉਹ ਸਾਡੇ ਲਈ ਇੰਨੀ ਬੇਚੈਨੀ ਦੀ ਹਾਲਤ ਵਿੱਚ ਹੈ ਕਿ ਸਾਡੇ ਲਈ ਲਗਾਤਾਰ ਦੁਆ ਕਰਦਿਆਂ ਉਸ ‘ਤੇ ਥਕਾਵਟ ਤੱਕ ਹਾਵੀ ਹੋ ਜਾਂਦੀ ਹੈ।”

ਆਪ ਜੀ ਨੇ ਅੱਗੇ ਫ਼ਰਮਾਇਆ:

“ਇਸ ਲਈ, ਇਹ ਗਹਿਰੀ ਸੋਚ ਅਤੇ ਡਰ ਦਾ ਪਲ ਹੈ—ਕਿਤੇ ਅਜਿਹਾ ਨਾ ਹੋਵੇ ਕਿ ਅੱਲ੍ਹਾ ਤਆਲਾ ਸਾਨੂੰ ਉਨ੍ਹਾਂ ਬਰਕਤਾਂ ਤੋਂ ਵੰਝਾ ਕਰ ਦੇਵੇ ਜੋ ਬੈਅਤ ਵਿੱਚ ਦਾਖ਼ਲ ਹੋਣ ਦੇ ਨਾਤੇ ਸਾਨੂੰ ਮਿਲਣੀਆਂ ਚਾਹੀਦੀਆਂ ਹਨ। ਮਸੀਹ ਮੌਊਦ (ਅਲੈਹਿਸ ਸਲਾਮ) ਨੇ ਫ਼ਰਮਾਇਆ ਹੈ ਕਿ ਜਦ ਤੱਕ ਜਮਾਤ ਅੱਲ੍ਹਾ ਤਆਲਾ ਦੀ ਨਜ਼ਰ ਵਿੱਚ ਪਰਹੇਜ਼ਗਾਰ ਨਹੀਂ ਬਣਦੀ, ਉਸ ਦੀ ਮਦਦ ਉਸ ਦੇ ਨਾਲ ਨਹੀਂ ਹੋ ਸਕਦੀ। ਸਿਰਫ਼ ਆਪਣੇ ਆਪ ਨੂੰ ਪਰਹੇਜ਼ਗਾਰ ਸਮਝ ਲੈਣਾ ਕਾਫ਼ੀ ਨਹੀਂ; ਅੱਲ੍ਹਾ ਤਆਲਾ ਦੀ ਨਜ਼ਰ ਵਿੱਚ ਪਰਹੇਜ਼ਗਾਰ ਬਣਨਾ ਲਾਜ਼ਮੀ ਹੈ। ਇਸ ਲਈ, ਅੱਲ੍ਹਾ ਤਆਲਾ ਦੀ ਮਦਦ ਸਾਡੇ ਨਾਲ ਹੋਣ ਲਈ, ਪਰਹੇਜ਼ਗਾਰ ਬਣਨਾ ਬਹੁਤ ਜ਼ਰੂਰੀ ਹੈ।”

ਆਪਣੇ ਸੰਬੋਧਨ ਦੇ ਅੰਤ ਵੱਲ, ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਉਹ ਦੁਆ ਪੜ੍ਹੀ ਜੋ ਮਸੀਹ ਮੌਊਦ (ਅਲੈਹਿਸ ਸਲਾਮ) ਨੇ ਆਪਣੇ ਮਾਨਣ ਵਾਲਿਆਂ ਲਈ ਲਿਖੀ ਸੀ ਤਾਂ ਜੋ ਉਹ ਇਸ ਨੂੰ ਪੜ੍ਹਨ।

ਮਸੀਹ ਮੌਊਦ (ਅਲੈਹਿਸ ਸਲਾਮ) ਫਰਮਾਉਂਦੇ ਹਨ:

“ਹੇ ਸਭ ਜਹਾਨਾਂ ਦੇ ਮਾਲਕ! ਮੈਂ ਤੇਰੀਆਂ ਨੇਮਤਾਂ ਦਾ ਪੂਰਾ ਸ਼ੁਕਰ ਅਦਾ ਕਰਨ ਤੋਂ ਅਸਮਰਥ ਹਾਂ। ਤੂੰ ਬੇਹੱਦ ਰਹਿਮ ਕਰਨ ਵਾਲਾ ਅਤੇ ਬਹੁਤ ਦਾਤਾ ਹੈਂ, ਅਤੇ ਮੇਰੇ ਉੱਤੇ ਤੇਰੀਆਂ ਨੇਮਤਾਂ ਬੇਅੰਤ ਹਨ। ਮੇਰੇ ਗੁਨਾਹ ਮਾਫ਼ ਕਰ ਦੇ, ਨਹੀਂ ਤਾਂ ਮੈਂ ਹਲਾਕ ਹੋ ਜਾਵਾਂਗਾ। ਮੇਰੇ ਦਿਲ ਵਿੱਚ ਆਪਣੀ ਪਾਕ ਮੁਹੱਬਤ ਪੈਦਾ ਕਰ, ਤਾਂ ਜੋ ਮੈਂ ਅਸਲ ਜ਼ਿੰਦਗੀ ਹਾਸਲ ਕਰ ਸਕਾਂ। ਮੇਰੇ ਐਬਾਂ ਨੂੰ ਢੱਕ ਲੈ ਅਤੇ ਮੈਨੂੰ ਅਜਿਹੇ ਅਮਲ ਕਰਨ ਦੀ ਤੌਫ਼ੀਕ ਬਖ਼ਸ਼ ਜੋ ਤੇਰੀ ਰਜ਼ਾ ਦਾ ਕਾਰਨ ਬਣਨ। ਮੈਂ ਤੇਰੇ ਬਜ਼ੁਰਗ ਚਿਹਰੇ ਦੀ ਪਨਾਹ ਲੈਂਦਾ ਹਾਂ ਕਿ ਤੇਰਾ ਗ਼ਜ਼ਬ ਮੇਰੇ ਉੱਤੇ ਨਾਜ਼ਲ ਨਾ ਹੋਵੇ। ਮੇਰੇ ਉੱਤੇ ਰਹਿਮ ਕਰ ਅਤੇ ਮੈਨੂੰ ਇਸ ਦੁਨੀਆ ਅਤੇ ਆਖ਼ਰਤ ਦੀਆਂ ਮੁਸੀਬਤਾਂ ਤੋਂ ਬਚਾ, ਕਿਉਂਕਿ ਹਰ ਕਿਸਮ ਦੀ ਮਿਹਰ ਅਤੇ ਨੇਮਤ ਸਿਰਫ਼ ਤੇਰੇ ਹੀ ਹੱਥ ਵਿੱਚ ਹੈ।”

ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਫ਼ਰਮਾਇਆ:

“ਇਸ ਤਰ੍ਹਾਂ, ਇਹ ਦੁਆਵਾਂ ਸਾਨੂੰ ਸਿਖਲਾਈ ਦੇਣ ਲਈ ਕੀਤੀਆਂ ਗਈਆਂ ਹਨ, ਅਤੇ ਸਾਨੂੰ ਇਸੇ ਤਰੀਕੇ ਨਾਲ ਦੁਆ ਕਰਨ ਦੀ ਤਾਕੀਦ ਕੀਤੀ ਗਈ ਹੈ। ਇਸ ਢੰਗ ਨਾਲ ਦੁਆ ਕਰੋ ਅਤੇ ਅੱਲ੍ਹਾ ਤਆਲਾ ਨਾਲ ਆਪਣਾ ਰਿਸ਼ਤਾ ਕਾਇਮ ਕਰੋ; ਇਸ ਲਈ ਦੁਆ ਕਰਦੇ ਰਹੋ, ਅਤੇ ਅੱਲ੍ਹਾ ਤਆਲਾ ਇਸ ਬੰਧਨ ਨੂੰ ਲਗਾਤਾਰ ਮਜ਼ਬੂਤ ਕਰਦਾ ਰਹੇਗਾ।

ਇਸ ਲਈ, ਜੇਕਰ ਅਸੀਂ ਇਨ੍ਹਾਂ ਗੱਲਾਂ ‘ਤੇ ਅਮਲ ਕਰੀਏ, ਤਾਂ ਇਨਸ਼ਾ ਅੱਲ੍ਹਾ ਅਸੀਂ ਉਹ ਉਦੇਸ਼ ਹਾਸਲ ਕਰ ਲਵਾਂਗੇ ਜਿਨ੍ਹਾਂ ਲਈ ਮਸੀਹ ਮੌਊਦ (ਅਲੈਹਿਸ ਸਲਾਮ) ਨੂੰ ਭੇਜਿਆ ਗਿਆ ਸੀ ਅਤੇ ਜਿਨ੍ਹਾਂ ਲਈ ਅਸੀਂ ਉਨ੍ਹਾਂ ਨਾਲ ਬੈਅਤ ਕੀਤੀ ਸੀ। ਜੇਕਰ ਅਸੀਂ ਮਸੀਹ ਮੌਊਦ (ਅਲੈਹਿਸ ਸਲਾਮ) ਦੀਆਂ ਦੁਆਵਾਂ ਦੇ ਵਾਰਸ ਬਣਨਾ ਚਾਹੁੰਦੇ ਹਾਂ, ਅਤੇ ਖ਼ਾਸ ਤੌਰ ‘ਤੇ ਉਹਨਾਂ ਦੁਆਵਾਂ ਦੇ ਜੋ ਉਨ੍ਹਾਂ ਨੇ ਜਲਸੇ ਵਿੱਚ ਸ਼ਾਮਲ ਹੋਣ ਵਾਲਿਆਂ ਲਈ ਕੀਤੀਆਂ, ਤਾਂ ਸਾਨੂੰ ਹਮੇਸ਼ਾ ਇਨ੍ਹਾਂ ਗੱਲਾਂ ਨੂੰ ਆਪਣੇ ਸਾਹਮਣੇ ਰੱਖਣਾ ਹੋਵੇਗਾ।”

ਇਸ ਤੋਂ ਬਾਅਦ, ਆਪ ਜੀ ਨੇ ਜਮਾਤ ਦੇ ਮੈਂਬਰਾਂ ਨੂੰ ਹਦਾਇਤ ਕੀਤੀ ਕਿ ਉਹ ਬੈਅਤ ਦੀਆਂ ਸ਼ਰਤਾਂ ਦੇ ਸ਼ਬਦਾਂ ਨੂੰ ਲਗਾਤਾਰ ਪੜ੍ਹਦੇ ਰਹਿਣ, ਉਨ੍ਹਾਂ ‘ਤੇ ਗੌਰ ਕਰਨ ਅਤੇ ਉਨ੍ਹਾਂ ਨੂੰ ਆਪਣੇ ਘਰਾਂ ਵਿੱਚ ਪ੍ਰਦਰਸ਼ਿਤ ਕਰਨ।

ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਫ਼ਰਮਾਇਆ:

“ਬੈਅਤ ਦੇ ਅਹਦ ਨੂੰ ਸਮਝਣ ਅਤੇ ਵਾਰ ਵਾਰ ਆਪਣੇ ਆਪ ਨੂੰ ਯਾਦ ਦਿਵਾਉਣ ਲਈ, ਸਾਨੂੰ ਇਸ ਨੂੰ ਹਮੇਸ਼ਾ ਆਪਣੇ ਸਾਹਮਣੇ ਰੱਖਣਾ ਚਾਹੀਦਾ ਹੈ ਜਾਂ ਅਜਿਹੀ ਥਾਂ ਲਗਾਉਣਾ ਚਾਹੀਦਾ ਹੈ ਜਿੱਥੇ ਸਾਡੀਆਂ ਅੱਖਾਂ ਵਾਰ ਵਾਰ ਪੈਣ। ਲੋਕ ਕਈ ਚੀਜ਼ਾਂ ਨੂੰ ਫਰੇਮ ਕਰਕੇ ਲਗਾਉਂਦੇ ਹਨ; ਜੇਕਰ ਇਸ ਨੂੰ ਵੀ ਫਰੇਮ ਕਰਕੇ ਲਗਾਇਆ ਜਾਵੇ, ਤਾਂ ਇਹ ਸਿਰਫ਼ ਲਾਭਦਾਇਕ ਹੀ ਹੋਵੇਗਾ।”

ਆਪਣੇ ਸੰਬੋਧਨ ਦੇ ਅੰਤ 'ਤੇ, ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਹੇਠ ਲਿਖੇ ਸ਼ਬਦਾਂ ਨਾਲ ਦੁਆ ਕੀਤੀ:

"ਅੱਲ੍ਹਾ ਕਰੇ ਕਿ ਸਾਡੇ ਵਿੱਚੋਂ ਹਰ ਇੱਕ ਆਪਣੇ ਅੰਦਰ ਪਾਕ ਤਬਦੀਲੀਆਂ ਪੈਦਾ ਕਰੇ ਅਤੇ ਬੈਅਤ ਦੀਆਂ ਸ਼ਰਤਾਂ ਨੂੰ ਪੂਰਾ ਕਰਨ ਲਈ ਲਗਾਤਾਰ ਕੋਸ਼ਿਸ਼ ਕਰਦਾ ਰਹੇ। ਇਸ ਸਬੰਧ ਵਿੱਚ, ਮਸੀਹ ਮੋਊਦ (ਅਲੈਹਿਸ ਸਲਾਮ) ਨੇ ਗਹਿਰੀ ਬੇਚੈਨੀ ਨਾਲ ਬੇਸ਼ੁਮਾਰ ਨਸੀਹਤਾਂ ਕੀਤੀਆਂ ਹਨ। ਜੇਕਰ ਅਸੀਂ ਉਨ੍ਹਾਂ ਦੀਆਂ ਨਸੀਹਤਾਂ ਅਤੇ ਉਹ ਦੁਆਵਾਂ ਜਿਨ੍ਹਾਂ ਨੂੰ ਉਨ੍ਹਾਂ ਨੇ ਸਾਡੇ ਲਈ ਕੀਤਾ, ਉਨ੍ਹਾਂ ਦੇ ਵਾਰਸ ਬਣਨਾ ਚਾਹੁੰਦੇ ਹਾਂ, ਤਾਂ ਸਾਨੂੰ ਆਪਣੇ ਅਮਲਾਂ ਨੂੰ ਬਦਲਣਾ ਹੋਵੇਗਾ ਅਤੇ ਆਪਣੇ ਅੰਦਰ ਸਪਸ਼ਟ ਅਤੇ ਜਾਹਿਰ ਤਬਦੀਲੀ ਲਿਆਉਣੀ ਹੋਵੇਗੀ। ਕੇਵਲ ਤਦੋਂ ਹੀ ਅਸੀਂ ਉਸ ਉਦੇਸ਼ ਨੂੰ ਹਾਸਲ ਕਰ ਸਕਾਂਗੇ ਜੋ ਸਾਡੀ ਬੈਅਤ ਦਾ ਅਸਲ ਮਕਸਦ ਹੈ। ਅੱਲ੍ਹਾ ਤਆਲਾ ਸਾਨੂੰ ਇਸ ਦੀ ਤੌਫ਼ੀਕ ਬਖ਼ਸ਼ੇ। ਆਮੀਨ।"



**Tariq Ahmad K**
Incharge Press & Media,
Ahmadiyya Muslim Jama'at India.